ਮਿੱਠੇ ਬੱਚੇ:- "ਮਿੱਠੇ ਬੱਚੇ :- ਗਿਆਨ ਹੈ ਮੱਖਣ, ਭਗਤੀ ਹੈ ਛਾਛ, ਬਾਪ ਤੁਹਾਨੂੰ ਗਿਆਨ ਰੂਪੀ ਮੱਖਣ ਦੇਕੇ ਵਿਸ਼ਵ ਦਾ ਮਾਲਿਕ ਬਣਾ ਦਿੰਦੇ ਹਨ, ਇਸਲਈ ਸ਼੍ਰੀਕ੍ਰਿਸ਼ਨ ਦੇ ਮੂੰਹ ਵਿੱਚ ਮੱਖਣ ਵਿਖਾਉਂਦੇ ਹਨ"

ਪ੍ਰਸ਼ਨ:- ਨਿਸ਼ਚੇਬੁੱਧੀ ਦੀ ਪਰਖ ਕੀ ਹੈ? ਨਿਸ਼ਚੇ ਦੇ ਆਧਾਰ ਤੇ ਕੀ ਪ੍ਰਾਪਤੀ ਹੁੰਦੀ ਹੈ ?

ਉੱਤਰ:- 1. ਨਿਸ਼ਚੇਬੁੱਧੀ ਬੱਚੇ ਸ਼ਮਾ ਤੇ ਫਿਦਾ ਹੋਣ ਵਾਲੇ ਸੱਚੇ ਪਰਵਾਨੇ ਹੋਣਗੇ, ਫੇਰੀ ਲਗਾਉਣ ਵਾਲੇ ਨਹੀਂ। ਜੋ ਸ਼ਮਾ ਤੇ ਫਿਦਾ ਹੋ ਜਾਂਦੇ ਹਨ ਉਹ ਹੀ ਰਾਜਾਈ ਵਿੱਚ ਆਉਂਦੇ ਹਨ, ਫੇਰੀ ਲਗਾਉਣ ਵਾਲੇ ਪ੍ਰਜਾ ਵਿੱਚ ਚਲੇ ਜਾਂਦੇ ਹਨ 2. ਧਰਤ ਪਰੀਏ ਧਰਮ ਨਾ ਛੱਡੀਏ - ਇਹ ਪ੍ਰਤਿਗਿਆ ਨਿਸ਼ਚੇ ਬੁੱਧੀ ਬੱਚਿਆਂ ਦੀ ਹੈ। ਉਹ ਸੱਚੇ ਪ੍ਰੀਤ ਬੁੱਧੀ ਬਣ ਦੇਹ ਸਹਿਤ ਦੇਹ ਦੇ ਸਭ ਧਰਮਾਂ ਨੂੰ ਭੁੱਲ ਬਾਪ ਦੀ ਯਾਦ ਵਿੱਚ ਰਹਿੰਦੇ ਹਨ।

ਗੀਤ:- ਛੋੜ ਵੀ ਦੇ ਆਕਾਸ਼ ਸਿੰਹਾਸਨ...

ਓਮ ਸ਼ਾਂਤੀ। ਭਗਵਾਨੁਵਾਚ। ਭਗਵਾਨ ਕਿਹਾ ਜਾਂਦਾ ਹੈ ਨਿਰਾਕਾਰ ਪਰਮਪਿਤਾ ਪਰਮਾਤਮਾ ਨੂੰ। ਭਗਵਨੁਵਾਚ ਕਿਸ ਨੇ ਕਿਹਾ? ਉਸ ਨਿਰਾਕਾਰ ਪਰਮਪਿਤਾ ਪਰਮਾਤਮਾ ਨੇ। ਨਿਰਾਕਾਰ ਬਾਪ ਨਿਰਾਕਾਰ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। ਨਿਰਾਕਾਰ ਆਤਮਾ ਇਸ ਸ਼ਰੀਰ ਰੂਪੀ ਕਰਮਿੰਦ੍ਰਿਆ ਨਾਲ ਸੁਣਦੀ ਹੈ। ਆਤਮਾ ਨੂੰ ਨਾ ਮੇਲ, ਨਾ ਫੀਮੇਲ ਕਿਹਾ ਜਾਂਦਾ ਹੈ। ਉਸ ਨੂੰ ਆਤਮਾ ਹੀ ਕਿਹਾ ਜਾਂਦਾ ਹੀ। ਆਤਮਾ ਖੁਦ ਇੰਨਾਂ ਆਰਗੰਜ ਦਵਾਰਾ ਕਹਿੰਦੀ ਹੈ - ਮੈਂ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹਾਂ। ਜੋ ਵੀ ਮਨੁੱਖ ਮਾਤਰ ਹਨ ਉਹ ਸਭ ਬ੍ਰਦਰਜ਼ ਹਨ। ਜਦੋਂ ਨਿਰਾਕਾਰ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਨ ਤਾਂ ਆਪਸ ਵਿਚ ਸਭ ਭਾਈ - ਭਾਈ ਹਨ, ਜਦੋਂ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਹਨ ਤਾਂ ਭਾਈ - ਭੈਣ ਹਨ। ਇਹ ਹਮੇਸ਼ਾ ਸਭ ਨੂੰ ਸਮਝਾਉਂਦੇ ਰਹੋ। ਭਗਵਾਨ ਰਖਵਾਲਾ ਹੈ, ਭਗਤਾਂ ਨੂੰ ਭਗਤੀ ਦਾ ਫਲ ਦੇਣ ਵਾਲਾ ਹੈ।

ਬਾਪ ਸਮਝਾਉਂਦੇ ਹਨ ਸਭ ਦਾ ਸਦਗਤੀ ਦਾਤਾ ਇੱਕ ਮੈਂ ਹੀ ਹਾਂ। ਸਰਵ ਦਾ ਸਿੱਖਿਅਕ ਬਣ ਸ਼੍ਰੀਮਤ ਦਿੰਦਾ ਹਾਂ ਅਤੇ ਫਿਰ ਸਭ ਦਾ ਸਤਿਗੁਰੂ ਵੀ ਹਾਂ। ਉਨ੍ਹਾਂ ਦਾ ਕੋਈ ਬਾਪ, ਟੀਚਰ, ਗੁਰੂ ਨਹੀਂ। ਉਹ ਹੀ ਬਾਪ ਪ੍ਰਾਚੀਨ ਭਾਰਤ ਦਾ ਰਾਜਯੋਗ ਸਿਖਾਉਣ ਵਾਲਾ ਹੈ, ਸ਼੍ਰੀਕ੍ਰਿਸ਼ਨ ਨਹੀਂ ਹਨ। ਸ਼੍ਰੀਕ੍ਰਿਸ਼ਨ ਨੂੰ ਬਾਪ ਨਹੀਂ ਕਹਿ ਸਕਦੇ। ਉਨ੍ਹਾਂ ਨੂੰ ਦੈਵੀਗੁਣਧਾਰੀ ਸਵਰਗ ਦਾ ਪ੍ਰਿੰਸ ਕਿਹਾ ਜਾਂਦਾ ਹੈ। ਪਤਿਤ - ਪਾਵਨ ਸਦਗਤੀ ਦਾਤਾ ਇੱਕ ਨੂੰ ਹੀ ਕਿਹਾ ਜਾਂਦਾ ਹੈ। ਹੁਣ ਸਭ ਦੁਖੀ, ਪਾਪ ਆਤਮਾਵਾਂ, ਭ੍ਰਿਸ਼ਟਚਾਰੀ ਹਨ। ਭਾਰਤ ਹੀ ਸਤਿਯੁਗ ਵਿੱਚ ਸ੍ਰੇਸ਼ਠਾਚਾਰੀ ਸੀ। ਫਿਰ ਭ੍ਰਿਸ਼ਟਾਚਾਰੀ ਆਸੁਰੀ ਰਾਜ ਹੁੰਦਾ ਹੈ। ਸਭ ਕਹਿੰਦੇ ਹਨ ਪਤਿਤ - ਪਾਵਨ ਆਓ, ਆਕੇ ਰਾਮ ਰਾਜ ਸਥਾਪਨ ਕਰੋ। ਤਾਂ ਹੁਣ ਰਾਵਣ ਰਾਜ ਹੈ। ਰਾਵਣ ਨੂੰ ਸਾੜਦੇ ਵੀ ਹਨ ਪ੍ਰੰਤੂ ਰਾਵਣ ਨੂੰ ਕੋਈ ਵੀ ਵਿਦਵਾਨ, ਆਚਾਰਿਆ, ਪੰਡਿਤ ਨਹੀਂ ਜਾਣਦੇ। ਸਤਿਯੁਗ ਤੋਂ ਤ੍ਰੇਤਾ ਤੱਕ ਰਾਮਰਾਜ, ਦਵਾਪਰ ਤੋਂ ਕਲਯੁੱਗ ਤੱਕ ਰਾਵਣ ਰਾਜ। ਬ੍ਰਹਮਾ ਦਾ ਦਿਨ ਸੋ ਬ੍ਰਹਮਾ ਕੁਮਾਰ - ਕੁਮਾਰੀਆਂ ਦਾ ਦਿਨ। ਬ੍ਰਹਮਾ ਦੀ ਰਾਤ ਸੋ ਬੀ. ਕੇ. ਦੀ ਰਾਤ। ਹੁਣ ਰਾਤ ਪੂਰੀ ਹੋ ਦਿਨ ਆਉਣਾ ਹੈ। ਗਾਇਆ ਹੋਇਆ ਹੈ ਵਿਨਾਸ਼ ਕਾਲੇ ਵਪ੍ਰਿਤ ਬੁੱਧੀ। ਤਿੰਨ ਸੈਨਾਵਾਂ ਵੀ ਹਨ। ਪਰਮਪਿਤਾ ਨੂੰ ਕਿਹਾ ਜਾਂਦਾ ਹੈ ਬਿਲਵਡ ਮੋਸਟ ਗੋਡ ਫਾਦਰ ਓਸ਼ਨ ਆਫ਼ ਨਾਲੇਜ਼। ਤਾਂ ਜਰੂਰ ਨਾਲੇਜ਼ ਦਿੰਦੇ ਹੋਣਗੇ ਨਾ। ਸ੍ਰਿਸ਼ਟੀ ਦਾ ਚੇਤਨ ਬੀਜਰੂਪ ਹੈ। ਸੁਪ੍ਰੀਮ ਸੋਲ ਹੈ ਮਤਲਬ ਉੱਚ ਤੇ ਉੱਚ ਭਗਵਾਨ ਹੈ। ਇਵੇਂ ਨਹੀਂ ਕਿ ਸਰਵਵਿਆਪੀ ਹੈ। ਸਰਵਿਆਪੀ ਕਹਿਣਾ ਇਹ ਤਾਂ ਬਾਪ ਨੂੰ ਡਿਫੇਮ ਕਰਨਾ ਹੈ। ਬਾਪ ਕਹਿੰਦੇ ਹਨ ਗਲਾਨੀ ਕਰਦੇ - ਕਰਦੇ ਧਰਮ ਗਲਾਨੀ ਹੋ ਗਈ ਹੈ, ਭਾਰਤ ਕੰਗਾਲ, ਭ੍ਰਿਸ਼ਟਾਚਾਰੀ ਬਣ ਗਿਆ ਹੈ। ਅਜਿਹੇ ਸਮੇਂ ਤੇ ਹੀ ਮੈਨੂੰ ਆਉਣਾ ਪੈਂਦਾ ਹੈ। ਭਾਰਤ ਹੀ ਮੇਰਾ ਬ੍ਰਥ ਪਲੇਸ ਹੈ। ਸੋਮਨਾਥ ਦਾ ਮੰਦਿਰ, ਸ਼ਿਵ ਦਾ ਮੰਦਿਰ ਵੀ ਏਥੇ ਹੈ। ਮੈਂ ਆਪਣੇ ਬਰਥ ਪਲੇਸ ਨੂੰ ਹੀ ਸਵਰਗ ਬਣਾਉਂਦਾ ਹਾਂ, ਫਿਰ ਰਾਵਣ ਨਰਕ ਬਣਾਉਂਦਾ ਹੈ ਮਤਲਬ ਰਾਵਣ ਦੀ ਮਤ ਤੇ ਚਲ ਨਰਕਵਾਸੀ, ਅਸੁਰੀ ਸੰਪ੍ਰਦਾਈ ਬਣ ਜਾਂਦੇ ਹਨ। ਫਿਰ ਉਹਨਾਂ ਨੂੰ ਬਦਲ ਕੇ ਮੈਂ ਦੈਵੀ ਸੰਪ੍ਰਦਾਈ, ਸ਼੍ਰੇਸਠਾਚਾਰੀ ਬਣਾਉਂਦਾ ਹਾਂ। ਇਹ ਵਿਸ਼ੇ ਸਾਗਰ ਹੈ। ਉਹ ਹੈ ਸ਼ੀਰ ਸਾਗਰ। ਉੱਥੇ ਘਿਓ ਦੀਆਂ ਨਦੀਆਂ ਵਹਿੰਦੀਆਂ ਹਨ। ਸਤਿਯੁਗ -ਤ੍ਰੇਤਾ ਵਿੱਚ ਭਾਰਤ ਸਦਾ ਸੁਖੀ ਸਾਲਵੇਂਟ ਸੀ, ਹੀਰੇ ਜਵਾਹਾਰਾਤਾ ਦੇ ਮਹਿਲ ਸਨ। ਹੁਣ ਤਾਂ ਭਾਰਤ 100 ਪਰਸੈਂਟ ਇੰਨਸਾਲੇਵੇਂਟ ਹੈ। ਮੈਂ ਹੀ ਆਕੇ 100% ਸਾਲਵੇਂਟ, ਸ਼੍ਰੇਸਠਾਚਾਰੀ ਬਣਾਉਂਦਾ ਹਾਂ। ਹੁਣ ਤਾਂ ਇਵੇਂ ਭ੍ਰਿਸ਼ਟਾਚਾਰੀ ਬਣ ਗਏ ਹਨ ਜੋ ਆਪਣੇ ਦੈਵੀ ਧਰਮ ਨੂੰ ਭੁੱਲ ਗਏ ਹਨ।

ਬਾਪ ਬੈਠ ਸਮਝਾਉਂਦੇ ਹਨ ਕਿ ਭਗਤੀ ਮਾਰਗ ਹੈ ਛਾਛ, ਗਿਆਨ ਮਾਰਗ ਹੈ ਮੱਖਣ, ਸ਼੍ਰੀਕ੍ਰਿਸ਼ਨ ਦੇ ਮੂੰਹ ਵਿੱਚ ਮੱਖਣ ਦਿਖਾਉਂਦੇ ਹਨ ਮਤਲਬ ਵਿਸ਼ਵ ਦਾ ਰਾਜ ਸੀ, ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਸਨ। ਬਾਪ ਹੀ ਆਕੇ ਬੇਹੱਦ ਦਾ ਵਰਸਾ ਦਿੰਦੇ ਹਨ ਮਤਲਬ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਕਹਿੰਦੇ ਹਨ ਮੈਂ ਵਿਸ਼ਵ ਦਾ ਮਾਲਿਕ ਨਹੀਂ ਬਣਦਾ ਹਾਂ। ਜੇਕਰ ਮਾਲਿਕ ਬਣਾ ਤਾਂ ਫਿਰ ਮਾਇਆ ਤੋਂ ਹਾਰ ਵੀ ਖਾਣੀ ਪਾਵੇ। ਮਾਇਆ ਤੋਂ ਹਾਰ ਤੁਸੀਂ ਖਾਂਦੇ ਹੋ। ਫਿਰ ਜਿੱਤ ਵੀ ਤੁਹਾਨੂੰ ਪਾਉਣੀ ਹੈ। ਇਹ 5 ਵਿਕਾਰਾਂ ਵਿੱਚ ਫਸੇ ਹੋਏ ਹਨ। ਹੁਣ ਮੈਂ ਤੁਹਾਨੂੰ ਮੰਦਿਰ ਵਿੱਚ ਰਹਿਣ ਦੇ ਲਾਇੱਕ ਬਣਾਉਂਦਾ ਹਾਂ। ਸਤਿਯੁਗ ਵੱਡਾ ਮੰਦਿਰ ਹੈ, ਉਸਨੂੰ ਸ਼ਿਵਾਲਾ ਕਿਹਾ ਜਾਂਦਾ

ਹੈ, ਸ਼ਿਵ ਦਾ ਸਥਾਪਨ ਕੀਤਾ ਹੋਇਆ। ਕਲਿਯੁਗ ਨੂੰ ਵਿਸ਼ਾਲਾ ਕਿਹਾ ਜਾਂਦਾ ਹੈ, ਸਭ ਵਿਕਾਰੀ ਹਨ। ਹੁਣ ਬਾਪ ਕਹਿੰਦੇ ਹਨ ਦੇਹ ਦੇ ਧਰਮ ਛੱਡ ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ। ਤੁਸੀਂ ਬੱਚਿਆਂ ਦੀ ਹੁਣ ਬਾਪ ਨਾਲ ਪ੍ਰੀਤ ਹੈ। ਤੁਸੀਂ ਹੋਰ ਕਿਸੇ ਨੂੰ ਯਾਦ ਨਹੀਂ ਕਰਦੇ ਹੋ। ਤੁਸੀਂ ਹੋ ਵਿਨਾਸ਼ ਕਾਲੇ ਪ੍ਰੀਤ ਬੁੱਧੀ। ਤੁਸੀਂ ਜਾਣਦੇ ਹੋ ਕਿ ਸ਼੍ਰੀ ਸ਼੍ਰੀ 108 ਪਰਮਪਿਤਾ ਪਰਮਾਤਮਾ ਨੂੰ ਹੀ ਕਿਹਾ ਜਾਂਦਾ ਹੈ। 108 ਦੀ ਮਾਲਾ ਫੇਰਦੇ ਹਨ। ਉਪਰ ਵਿੱਚ ਹੈ ਸ਼ਿਵਬਾਬਾ ਫਿਰ ਮਾਤ -ਪਿਤਾ ਬ੍ਰਹਮਾ - ਸਰਸਵਤੀ, ਫਿਰ ਉਹਨਾਂ ਦੇ ਬੱਚੇ ਜੋ ਭਾਰਤ ਨੂੰ ਪਾਵਨ ਬਣਾਉਂਦੇ ਹਨ। ਰੁਦ੍ਰਾਕਸ਼ ਦੀ ਮਾਲਾ ਗਾਈ ਹੋਈ ਹੈ, ਉਸਨੂੰ ਰੁਦ੍ਰ ਯੱਗ ਵੀ ਕਿਹਾ ਜਾਂਦਾ ਹੈ। ਕਿੰਨਾ ਵੱਡਾ ਰਾਜਸ੍ਵ ਅਸ਼ਵਮੇਧ ਅਵਿਨਾਸ਼ੀ ਗਿਆਨ ਯੱਗ ਵੀ ਹੈ। ਕਿੰਨੇ ਵਰ੍ਹਿਆਂ ਤੋਂ ਚਲਿਆ ਆਉਂਦਾ ਹੈ ਜੋ ਵੀ ਅਨੇਕ ਧਰਮ ਆਦਿ ਹਨ. ਸਭ ਇਸ ਯੱਗ ਵਿੱਚ ਖ਼ਤਮ ਹੋ ਜਾਣੇ ਹਨ ਉਦੋਂ ਇਹ ਯੱਗ ਪੂਰਾ ਹੋਵੇਗਾ। ਇਹ ਹੈ ਅਵਿਨਾਸ਼ੀ ਬਾਬਾ ਦਾ ਅਵਿਨਾਸ਼ੀ ਯਗ। ਸਭ ਸਮਗ੍ਰੀ ਸਵਾਹਾ ਹੋ ਜਾਣੀ ਹੈ। ਪੁੱਛਦੇ ਹਨ ਵਿਨਾਸ਼ ਕਦੋਂ ਹੋਵੇਗਾ? ਅਰੇ, ਜੋ ਸਥਾਪਨਾ ਕਰਦਾ ਹਨ, ਉਹਨਾਂ ਨੂੰ ਹੀ ਫਿਰ ਪਾਲਣਾ ਕਰਨੀ ਹੁੰਦੀ ਹੈ। ਇਹ ਹੈ ਸਿਵਬਾਬਾ ਦਾ ਰਥ। ਸ਼ਿਵਬਾਬਾ ਇਸ ਵਿੱਚ ਰਥੀ ਹਨ। ਬਾਕੀ ਕੋਈ ਘੋੜੇ - ਗੱਡੀ ਆਦਿ ਨਹੀਂ ਹਨ। ਉਹ ਤੇ ਭਗਤੀ ਮਾਰਗ ਦੀ ਸਮਗ੍ਰੀ ਬੈਠ ਬਣਾਈ ਹੈ। ਬਾਬਾ ਕਹਿੰਦੇ ਹਨ ਮੈਂ ਇਸ ਪ੍ਰਕ੍ਰਿਤੀ ਦਾ ਆਧਾਰ ਲੈਂਦਾ ਹਾਂ।

ਬਾਪ ਸਮਝਾਉਂਦੇ ਹਨ - ਪਹਿਲੇ ਅਵਿੱਭਚਾਰੀ ਭਗਤੀ ਹੈ ਫਿਰ ਕਲਿਯੁਗ ਅੰਤ ਵਿਚ ਪੂਰੀ ਵਿਅਭਚਾਰੀ ਬਣ ਜਾਂਦੀ ਹੈ ਫਿਰ ਬਾਪ ਆਕੇ ਭਾਰਤ ਨੂੰ ਮੱਖਣ ਦਿੰਦੇ ਹਨ। ਤੁਸੀਂ ਵਿਸ਼ਵ ਦੇ ਮਾਲਿਕ ਬਣਨ ਲਈ ਪੜ੍ਹ ਰਹੇ ਹੋ। ਬਾਪ ਆਕੇ ਮੱਖਣ ਖਵਾਉਂਦੇ ਹਨ। ਰਾਵਣ ਰਾਜ ਵਿੱਚ ਛਾਛ ਸ਼ੁਰੂ ਹੋ ਜਾਂਦੀ ਹੈ। ਇਹ ਸਭ ਸਮਝਣ ਦੀਆ ਗੱਲਾਂ ਹਨ ਨਵੇਂ ਬੱਚੇ ਤਾਂ ਇਹਨਾਂ ਗੱਲਾਂ ਨੂੰ ਸਮਝ ਨਾ ਸਕਣ। ਪਰਮਪਿਤਾ ਪਰਮਾਤਮਾ ਨੂੰ ਹੀ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਬਾਪ ਕਹਿੰਦੇ ਹਨ ਮੈਂ ਇਸ ਭਗਤੀ ਮਾਰਗ ਨਾਲ ਕਿਸੇ ਨੂੰ ਵੀ ਨਹੀਂ ਮਿਲਦਾ ਹਾਂ। ਮੈਂ ਜਦੋਂ ਆਉਂਦਾ ਹਾਂ ਉਦੋਂ ਹੀ ਆਕੇ ਭਗਤਾਂ ਨੂੰ ਭਗਤੀ ਦਾ ਫਲ ਦਿੰਦਾ ਹਾਂ। ਮੈਂ ਲੀਬ੍ਰੇਟਰ ਬਣਦਾ ਹਾਂ, ਦੁੱਖ ਤੋਂ ਛੁਡਾਕੇ ਸਭਨੂੰ ਸ਼ਾਂਤੀਧਾਮ, ਸੁਖਧਾਮ ਲੈ ਜਾਂਦਾ ਹਾਂ। ਨਿਸ਼ਚੇ ਬੁੱਧੀ ਵਿਜੰਯੰਤੀ ਸੰਸ਼ੇਬੁੱਧੀ ਵਿਨਾਸ਼ਨਤੀ।

ਬਾਪ ਸ਼ਮਾ ਹੈ। ਉਸ ਤੇ ਪਰਵਾਨੇ ਕਈ ਤਾਂ ਇਕਦਮ ਫ਼ਿਦਾ ਹੋ ਜਾਂਦੇ ਹਨ, ਕੋਈ ਫੇਰੀ ਪਹਿਣ ਕੇ ਚਲੇ ਜਾਂਦੇ ਹਨ। ਸਮਝਦੇ ਕੁਝ ਨਹੀਂ ਹਨ। ਫ਼ਿਦਾ ਹੋਣ ਵਾਲੇ ਬੱਚੇ ਜਾਣਦੇ ਹਨ ਬਰੋਬਰ ਬੇਹੱਦ ਦੇ ਬਾਪ ਕੋਲੋਂ ਸਾਨੂੰ ਬੇਹੱਦ ਦਾ ਵਰਸਾ ਮਿਲਦਾ ਹੈ। ਜੋ ਸਿਰਫ਼ ਫੇਰੀ ਪਾ ਕੇ ਚਲੇ ਜਾਂਦੇ ਹਨ ਉਹ ਤਾਂ ਫਿਰ ਪ੍ਰਜਾ ਵਿੱਚ ਹੀ ਨੰਬਰਵਾਰ ਆ ਜਾਣਗੇ। ਜੋ ਫ਼ਿਦਾ ਹੁੰਦੇ ਹਨ ਉਹ ਵਰਸਾ ਲੈਂਦੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ। ਪੁਰਸ਼ਾਰਥ ਨਾਲ ਹੀ ਪ੍ਰਾਲਬੱਧ ਮਿਲਦੀ ਹੈ। ਗਿਆਨ ਦਾ ਸਾਗਰ ਇੱਕ ਹੀ ਬਾਪ ਹੈ। ਫਿਰ ਗਿਆਨ ਪ੍ਰਾਯ ਲੋਪ ਹੋ ਜਾਂਦਾ ਹੈ। ਤੁਸੀਂ ਸਦਗਤੀ ਨੂੰ ਪਾ ਲੈਂਦੇ ਹੋ। ਸਤਿਯੁਗ - ਤ੍ਰੇਤਾ ਵਿੱਚ ਕੋਈ ਗੁਰੂ - ਗੋਸਾਈ ਆਦਿ ਨਹੀਂ ਹੁੰਦੇ। ਹੁਣ ਸਭ ਉਸ ਬਾਪ ਨੂੰ ਯਾਦ ਕਰਦੇ ਹਨ ਕਿਉਂਕਿ ਉਹ ਹੈ ਓਸ਼ਨ ਆਫ਼ ਨਾਲੇਜ਼। ਸਭਦੀ ਸਦਗਤੀ ਕਰ ਦਿੰਦੇ ਹਨ। ਫਿਰ ਹਾਹਾਕਾਰ ਬੰਦ ਹੋ ਜੈ - ਜੈਕਾਰ ਹੋ ਜਾਂਦੀ ਹੈ, ਤੁਸੀਂ ਸ੍ਰਿਸ਼ਟੀ ਦੇ ਆਦਿ -ਮੱਧ -ਅੰਤ ਨੂੰ ਜਾਣਦੇ ਹੋ। ਤੁਸੀਂ ਹੁਣ ਤ੍ਰਿਕਾਲਦਰਸ਼ੀ, ਤ੍ਰਿਨੇਤਰੀ ਬਣੇ ਹੋ। ਤੁਹਾਨੂੰ ਰਚਨਾ ਦੇ ਆਦਿ -ਮੱਧ - ਅੰਤ ਦੀ ਸਾਰੀ ਨਾਲੇਜ ਮਿਲ ਰਹੀ ਹੈ। ਇਹ ਕੋਈ ਦੰਤ ਕਥਾ ਨਹੀਂ ਹੈ। ਗੀਤਾ ਹੈ ਭਗਵਾਨ ਦੀ ਗਾਈ ਹੋਈ ਪਰ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਖੰਡਨ ਕਰ ਦਿੱਤਾ ਹੈ। ਤੁਹਾਨੂੰ ਬੱਚਿਆਂ ਨੂੰ ਹੁਣ ਸਭਦਾ ਕਲਿਆਣ ਕਰਨਾ ਹੈ। ਤੁਸੀਂ ਹੋ ਸ਼ਿਵ ਸ਼ਕਤੀ ਸੈਨਾ। ਵੰਦੇ ਮਾਤਰਮ ਗਾਇਆ ਹੋਇਆ ਹੈ। ਵੰਦਨਾ ਪਵਿੱਤਰ ਦੀ ਹੀ ਕੀਤੀ ਜਾਂਦੀ ਹੈ। ਕੰਨਿਆ ਪਵਿੱਤਰ ਹੈ ਤਾਂ ਸਭ ਉਹਨਾਂ ਦੀ ਵੰਦਨਾ ਕਰਦੇ ਹਨ। ਸਰੂਰ ਘਰ ਗਈ ਅਤੇ ਵਿਕਾਰੀ ਬਣੀ ਤਾਂ ਸਭਨੂੰ ਮੱਥਾ ਟੇਕਦੀ ਹੈ। ਸਾਰਾ ਮਦਾਰ ਪਵਿੱਤਰਤਾ ਤੇ ਹੈ। ਭਾਰਤ ਪਵਿੱਤਰ ਗ੍ਰਹਿਸਤ ਧਰਮ ਸੀ। ਹੁਣ ਅਪਵਿੱਤਰ ਗ੍ਰਹਿਸਤ ਧਰਮ ਹੈ। ਦੁੱਖ ਹੀ ਦੁੱਖ ਹੈ। ਸਤਿਯੁਗ ਵਿੱਚ ਇਵੇਂ ਨਹੀਂ ਹੁੰਦਾ। ਬਾਪ ਬੱਚਿਆਂ ਲਈ ਤਿਰੀ (ਹਥੇਲੀ) ਤੇ ਬਹਿਸ਼ਤ ਲੈ ਆਉਂਦੇ ਹਨ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਬਾਪ ਕੋਲੋਂ ਜੀਵਨਮੁਕਤੀ ਦਾ ਵਰਸਾ ਲੈ ਸਕਦੇ ਹੋ। ਘਰਬਾਰ ਛੱਡਣ ਦੀ ਕੋਈ ਗੱਲ ਨਹੀਂ। ਸੰਨਿਆਸੀਆਂ ਦਾ ਨਿਵ੍ਰਿਤੀ ਮਾਰਗ ਵੱਖ ਹੈ। ਹੁਣ ਬਾਪ ਨਾਲ ਪ੍ਰਤਿਗਿਆ ਕਰਦੇ ਹਨ - ਬਾਬਾ, ਅਸੀਂ ਪਵਿੱਤਰ ਬਣ, ਪਵਿਤ੍ਰ ਦੁਨੀਆਂ ਦੇ ਮਾਲਿਕ ਜਰੂਰ ਬਣਾਂਗੇ। ਫਿਰ ਧਰਤ ਪਰੀਏ ਧਰਮ ਨਾ ਛੋੜੀਏ। 5 ਵਿਕਾਰਾਂ ਦਾ ਦਾਨ ਦਵੋ ਤਾਂ ਮਾਇਆ ਦਾ ਗ੍ਰਹਿਣ ਛੁੱਟੇ, ਤਾਂ 16 ਕਲਾ ਸੰਪੂਰਨ ਬਣੋਗੇ। ਸਤਿਯੁਗ ਵਿੱਚ ਹੈ 16 ਕਲਾ ਸੰਪੂਰਨ, ਸੰਪੂਰਨ ਨਿਰਵਿਕਾਰੀ ...ਹੁਣ ਸ਼੍ਰੀਮਤ ਤੇ ਚਲਕੇ ਫਿਰ ਤੋਂ ਇਵੇ ਬਣਨਾ ਹੈ।

ਭਗਵਾਨ ਹੈ ਗ਼ਰੀਬ ਨਿਵਾਜ਼। ਸ਼ਾਹੂਕਾਰ ਇਸ ਗਿਆਨ ਨੂੰ ਉਠਾ ਨਹੀਂ ਸਕਦੇ ਕਿਉਂਕਿ ਉਹ ਸਮਝਦੇ ਹਨ ਸਾਨੂੰ ਧਨ ਆਦਿ ਬਹੁਤ ਹੈ, ਅਸੀਂ ਸਵਰਗ ਵਿੱਚ ਬੈਠੇ ਹਾਂ ਇਸਲਈ ਅਬਲਾਵਾਂ, ਅਹਿਲੀਆਵਾਂ ਹੀ ਗਿਆਨ ਲੈਂਦੀਆਂ ਹਨ। ਭਾਰਤ ਤਾਂ ਗ਼ਰੀਬ ਹੈ। ਉਹਨਾਂ ਵਿੱਚ ਵੀ ਜੋ ਗ਼ਰੀਬ ਸਾਧਾਰਨ ਹਨ, ਉਹਨਾਂ ਨੂੰ ਹੀ ਬਾਪ ਆਪਣਾ ਬਣਾਉਂਦੇ ਹਨ। ਉਹਨਾਂ ਦੀ ਤਕਦੀਰ ਵਿੱਚ ਹੈ। ਸੁਦਾਮਾ ਦਾ ਮਿਸਾਲ ਗਾਇਆ ਹੋਇਆ ਹੈ ਨਾ। ਸ਼ਾਹੂਕਾਰਾਂ ਨੂੰ ਸਮਝਣ ਦੀ ਫੁਰਸਤ ਨਹੀਂ। ਰਾਜੇਂਦਰ ਪ੍ਰਸਾਦ (ਭਾਰਤ ਦੇ ਪ੍ਰਥਮ ਰਾਸ਼ਟਰਪਤੀ) ਦੇ ਕੋਲ ਬੱਚੀਆਂ ਜਾਂਦੀਆਂ ਸਨ, ਕਹਿੰਦੀਆਂ ਸਨ ਬੇਹੱਦ ਦੇ ਬਾਪ ਨੂੰ ਜਾਣੋ ਤਾਂ ਤੁਸੀਂ ਹੀਰੇ ਵਰਗੇ ਬਣ ਜਾਓਗੇ। 7 ਰੋਜ਼ ਦਾ ਕੋਰਸ ਕਰੋ। ਕਹਿੰਦਾ ਸੀ - ਹਾਂ, ਗੱਲ ਤਾਂ ਬਹੁਤੁ ਚੰਗੀ ਹੈ, ਰਿਟਾਇਰ ਹੋਣ ਦੇ ਬਾਅਦ ਕੋਰਸ ਉਠਾਵਾਂਗਾ। ਰਿਟਾਇਰ ਹੋਇਆ ਤਾਂ ਬੋਲੇ, ਬਿਮਾਰ ਹਾਂ। ਵੱਡੇ - ਵੱਡੇ ਆਦਮੀਆਂ ਨੂੰ ਫੁਰਸਤ ਨਹੀਂ ਹੈ। ਪਹਿਲੇ ਜਦੋਂ 7 ਰੋਜ਼ ਦਾ ਕੋਰਸ ਪੂਰਾ ਕਰੇ ਤਾਂ ਨਾਰਾਇਣੀ ਨਸ਼ਾ ਚੜ੍ਹੇ। ਇਵੇਂ ਥੋੜ੍ਹਹੀ ਰੰਗ ਚੜ੍ਹੇਗਾ। 7 ਰੋਜ਼ ਬਾਅਦ ਪਤਾ ਚੱਲਦਾ ਹੈ - ਇਹ ਲਾਇਕ ਹਨ ਜਾਂ ਨਹੀਂ ਹਨ? ਲਾਇਕ ਹੋਵੇਗਾ ਤਾਂ ਫਿਰ ਪੜ੍ਹਣ ਦੇ ਲਈ ਪੁਰਸ਼ਾਰਥ ਵਿੱਚ ਲਗ ਜਾਏਗਾ। ਜਦੋਂ ਤੱਕ ਭੱਠੀ ਵਿੱਚ ਪੱਕਾ ਰੰਗ ਨਹੀਂ ਲੱਗਿਆ ਹੈ ਉਦੋਂ ਤੱਕ ਬਾਹਰ ਜਾਣ ਨਾਲ ਰੰਗ ਹੀ ਉੱਡ

ਜਾਂਦਾ ਹੈ, ਇਸਲਈ ਪਹਿਲੇ ਪੱਕਾ ਰੰਗ ਚੜਾਉਣਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ਼ਿਵ ਸ਼ਕਤੀ ਬਣ ਵਿਸ਼ਵ ਕਲਿਆਣ ਕਰਨਾ ਹੈ। ਪਵਿੱਤਰਤਾ ਦੇ ਆਧਾਰ ਤੇ ਕੌਡੀ ਵਰਗੇ ਮਨੁੱਖਾਂ ਨੂੰ ਹੀਰੇ ਵਰਗਾ ਬਣਾਉਣਾ ਹੈ।

2. ਸ਼੍ਰੀਮਤ ਤੇ ਵਿਕਾਰਾਂ ਦਾ ਦਾਨ ਦੇ, ਸੰਪੂਰਨ ਨਿਰਵਿਕਾਰੀ 16 ਕਲਾ ਸੰਪੂਰਨ ਬਣਨਾ ਹੈ। ਸ਼ਮਾ ਤੇ ਫ਼ਿਦਾ ਹੋਣ ਵਾਲਾ ਪਰਵਾਨਾ ਬਣਨਾ ਹੈ।

ਵਰਦਾਨ:- ਪ੍ਰਸਥਿਤੀਆਂ ਨੂੰ ਸਾਈਡ ਸੀਨ ਸਮਝ ਪਾਰ ਕਰਨ ਵਾਲੇ ਸਮ੍ਰਿਤੀ ਸਵਰੂਪ ਸਮਰਥ ਆਤਮਾ ਭਵ

ਸਮ੍ਰਿਤੀ ਸਵਰੂਪ ਆਤਮਾ ਸਮਰਥ ਹੋਣ ਦੇ ਕਾਰਣ ਪ੍ਰਸਥਿਤੀਆਂ ਨੂੰ ਖੇਲ੍ਹ ਸਮਝਦੀ ਹੈ। ਭਾਵੇਂ ਕਿੰਨੀ ਵੀ ਵੱਡੀ ਪ੍ਰਸਥਿਤੀ ਹੋਵੇ ਪਰ ਸਮਰਥ ਆਤਮਾ ਦੇ ਲਈ ਮੰਜ਼ਿਲ ਤੇ ਪਹੁੰਚਣ ਦੇ ਲਈ ਇਹ ਸਭ ਰਸਤੇ ਦੇ ਸਾਈਡ ਸੀਨ ਹਨ। ਲੋਕ ਤਾਂ ਖਰਚਾ ਕਰਕੇ ਵੀ ਸਾਈਡ ਸੀਨ ਦੇਖਣ ਜਾਂਦੇ ਹਨ। ਤਾਂ ਸਮ੍ਰਿਤੀ ਸਵਰੂਪ ਆਤਮਾ ਦੇ ਲਈ ਪ੍ਰਸਥਿਤੀ ਕਹੋ, ਪੇਪਰ ਕਹੋ, ਵਿਘਣ ਕਹੋ ਸਭ ਸਾਈਡ ਸੀਨ ਹਨ ਅਤੇ ਸਮ੍ਰਿਤੀ ਵਿੱਚ ਹੈ ਕਿ ਇਹ ਮੰਜ਼ਿਲ ਦੇ ਸਾਇਡ ਸੀਨ ਅਨਗਿਣਤ ਵਾਰ ਪਾਰ ਕੀਤੇ ਹਨ, ਨਥਿੰਗਨਿਊ।

ਸਲੋਗਨ:- ਦੂਜਿਆਂ ਦੀ ਕਰੇਕਸ਼ਨ ਕਰਨ ਦੇ ਬਜਾਏ ਬਾਪ ਨਾਲ ਕਨੈਕਸ਼ਨ ਜੋੜ ਲਵੋ ਤਾਂ ਵਰਦਾਨਾਂ ਦੀ ਅਨੁਭੂਤੀ ਹੁੰਦੀ ਰਹੇਗੀ।

******

ਮਾਤੇਸ਼ਵਰੀ ਜੀ ਦੇ ਮਧੁਰ ਮਹਾਂਵਾਕ

"ਸਿਰਫ਼ ਓਮ ਦੇ ਸ਼ਬਦ ਦੇ ਉਚਾਰਨ ਨਾਲ ਕੋਈ ਫ਼ਾਇਦਾ ਨਹੀਂ"

ਓਮ ਰਟੋ ਮਤਲਬ ਓਮ ਜਪੋ, ਜਿਸ ਸਮੇਂ ਅਸੀਂ ਓਮ ਸ਼ਬਦ ਕਹਿੰਦੇ ਹਾਂ ਤਾਂ ਓਮ ਕਹਿਣ ਦਾ ਮਤਲਬ ਇਹ ਨਹੀਂ ਕਿ ਓਮ ਸ਼ਬਦ ਦਾ ਉਚਾਰਨ ਕਰਨਾ ਹੈ ਸਿਰਫ਼ ਓਮ ਕਹਿਣ ਨਾਲ ਕੋਈ ਜੀਵਨ ਵਿੱਚ ਫ਼ਾਇਦਾ ਨਹੀਂ। ਪਰ ਓਮ ਦੇ ਅਰਥ ਸਵਰੂਪ ਵਿੱਚ ਸਥਿਤ ਹੋਣਾ, ਉਸ ਓਮ ਦੇ ਅਰਥ ਨੂੰ ਜਾਣਣ ਨਾਲ ਮਨੁੱਖ ਨੂੰ ਉਹ ਸ਼ਾਂਤੀ ਪ੍ਰਾਪਤ ਹੁੰਦੀ ਹੈ। ਹੁਣ ਮਨੁੱਖ ਚਾਹੁੰਦੇ ਤਾਂ ਜਰੂਰ ਹਨ ਕਿ ਸਾਨੂੰ ਸ਼ਾਂਤੀ ਪ੍ਰਾਪਤ ਹੋਵੇ। ਉਸ ਸ਼ਾਂਤੀ ਸਥਾਪਨ ਦੇ ਲਈ ਬਹੁਤ ਸੰਮੇਲਨ ਕਰੰਦੇ ਹਨ ਪਰ ਰਿਜ਼ਲਟ ਇਵੇਂ ਹੀ ਦਿਖਾਈ ਦੇ ਰਹੀ ਹੈ ਜੋ ਹੋਰ ਅਸ਼ਾਂਤੀ ਦੁੱਖ ਦਾ ਕਾਰਨ ਬਣਦਾ ਰਹਿੰਦਾ ਹੈ ਕਿਉਂਕਿ ਮੁਖ ਕਾਰਣ ਹੈ ਕਿ ਮਨੁੱਖਆਤਮਾ ਨੇ ਜਦੋਂ ਤੱਕ 5 ਵਿਕਾਰਾਂ ਨੂੰ ਨਸ਼ਟ ਨਹੀ ਕੀਤਾ ਹੈ ਉਦੋਂ ਤੱਕ ਦੁਨੀਆਂ ਤੇ ਸ਼ਾਂਤੀ ਕਦਾਚਿਤ ਹੋ ਨਹੀਂ ਸਕਦੀ। ਤਾਂ ਪਹਿਲੇ ਹਰੇਕ ਮਨੁੱਖ ਨੂੰ ਆਪਣੇ 5 ਵਿਕਾਰਾਂ ਨੂੰ ਵਸ਼ ਕਰਨਾ ਹੈ ਅਤੇ ਆਪਣੀ ਆਤਮਾ ਦੀ ਡੋਰ ਪਰਮਾਤਮਾ ਨਾਲ ਜੋੜਣੀ ਹੈ ਤਾਂ ਹੀ ਸ਼ਾਂਤੀ ਸ਼ਥਾਪਨ ਹੋਵੇਗੀ। ਤਾਂ ਮਨੁੱਖ ਆਪਣੇ ਆਪ ਕੋਲੋਂ ਪੁੱਛਣ ਮੈਂ ਆਪਣੇ 5 ਵਿਕਾਰਾਂ ਨੂੰ ਨਸ਼ਟ ਕੀਤਾ ਹੈ? ਉਹਨਾਂ ਨੂੰ ਜਿੱਤਣ ਦਾ ਕੋਸ਼ਿਸ਼ ਕੀਤਾ ਹੈ? ਜੇਕਰ ਕੋਈ ਪੁੱਛੇ ਤਾਂ ਅਸੀਂ ਆਪਣੇ 5 ਵਿਕਾਰਾਂ ਨੂੰ ਵਸ਼ ਕਿਵੇਂ ਕਰੀਏ, ਤਾਂ ਉਹਨਾਂ ਨੂੰ ਇਹ ਤਰੀਕਾ ਦੱਸਿਆ ਜਾਂਦਾ ਹੈ ਕਿ ਪਹਿਲੇ ਉਹਨਾਂ ਨੂੰ ਗਿਆਨ ਅਤੇ ਯੋਗ ਦਾ ਵਾਸ ਧੂਫ ਲਗਾਓ ਅਤੇ ਨਾਲ ਪਰਮਪਿਤਾ ਪਰਮਾਤਮਾ ਦੇ ਮਹਾਂਵਾਕ ਹਨ - ਮੇਰੇ ਨਾਲ ਬੁੱਧੀਯੋਗ ਲਗਾਏ ਮੇਰੇ ਬਲ ਨੂੰ ਲੈਕੇ ਮੁਝ ਸਰਵਸ਼ਕਤੀਮਾਨ ਪ੍ਰਭੂ ਨੂੰ ਯਾਦ ਕਰਨ ਨਾਲ ਵਿਕਾਰ ਹੱਟਦੇ ਰਹਿਣਗੇ। ਹੁਣ ਇੰਨੀ ਚਾਹੀਦੀ ਹੈ ਸਾਧਨਾ, ਜੋ ਖੁਦ ਪਰਮਾਤਮਾ ਆਕੇ ਸਾਨੂੰ ਸਿਖਾਉਂਦਾ ਹੈ। ਅੱਛਾ - ਓਮ ਸ਼ਾਂਤੀ।